BRAMPTON Flower City
brampton.ca

**media release**

25 ਜੂਨ, 2018

# ਟਾਇਲਰ ਸ਼ੌ ਅਤੇ ਰੇਡ ਰਾਈਡਰ ਦੇ ਨਾਲ ਕੈਨੇਡਿਅਨ ਮਿਊਜ਼ਿਕ ਆਈਕਨ ਟੌਮ ਕੋਕਰੇਨ ਸਿਟੀ ਦੇ ਕੈਨੇਡਾ ਡੇ ਦੇ ਜਸ਼ਨ ਲਈ ਸਟੇਜ 'ਤੇ ਪ੍ਰਦਰਸ਼ਨ ਕਰਨਗੇ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton) ਦੇ ਨਾਲ ਐਤਵਾਰ, 1 ਜੁਲਾਈ ਨੂੰ ਚਿੰਗਕੂਜ਼ੀ ਪਾਰਕ (Chinguacousy Park) ਵਿਖੇ ਕੈਨੇਡਾ ਡੇ (Canada Day) ਦੇ ਜਸ਼ਨਾਂ ਵਿੱਚ ਸ਼ਾਮਲ ਹੋਵੋ।

ਦੁਪਹਿਰ ਤੋਂ ਲੈ ਕੇ ਰਾਤ 10 ਵਜੇ ਤੱਕ ਮਨੋਰੰਜਨ ਦੇ ਇੱਕ ਰੋਮਾਂਚਕ ਪ੍ਰੋਗਰਾਮ ਦੇ ਹਿੱਸੇ ਦੇ ਤੌਰ 'ਤੇ, ਸ਼ਾਮ 7:15 ਵਜੇ ਮਲਟੀ-ਪਲੈਟੀਨਮ ਸੈਲਿੰਗ (ਜਿਹਨਾਂ ਦੇ ਗੀਤ ਲੱਖਾਂ ਵਿੱਚ ਵਿਕਦੇ ਹਨ) ਕਲਾਕਾਰ, ਨਿਰਮਾਤਾ ਅਤੇ ਅਦਾਕਾਰ ਟਾਇਲਰ ਸ਼ੌ (Tyler Shaw) ਦੇ ਪ੍ਰਦਰਸ਼ਨਾਂ ਦਾ, ਇਸਤੋਂ ਬਾਅਦ ਰਾਤ 8:30 ਵਜੇ ਰੇਡ ਰਾਈਡਰ (Red Rider) ਦੇ ਨਾਲ ਕੈਨੇਡਿਅਨ ਮਿਊਜ਼ਿਕ ਆਈਕਨ ਅਤੇ ਕੈਨੇਡਾ ਡੇ ਦੇ ਜਸ਼ਨ ਵਿੱਚ ਮੁੱਖ ਪਰਦਰਸ਼ਕ ਟੌਮ ਕੋਕਰੇਨ (Tom Cochrane) ਦੇ ਪ੍ਰਦਰਸ਼ਨਾਂ ਦਾ ਅਨੰਦ ਮਾਣੋ।

ਟੇਲਸ (Telus), ਟੀ.ਡੀ. (TD), ਟਿਮ ਹੋਰਟੋਨ (Tim Horton) ਦੇ ਆਰ.ਬੀ.ਸੀ. (RBC), ਬ੍ਰੈਂਪਟਨ ਆਟੋ ਮਾੱਲ (Brampton Auto Mall) ਅਤੇ ਬ੍ਰੈਮਲੀ ਸਿਟੀ ਸੈਂਟਰ (Bramalea City Centre) ਵੱਲੋਂ ਸਪਾਂਸਰ ਕੀਤੇ ਇਸ ਕਾਰਜਕਰਮ ਵਿੱਚ ਕਮਿਉਨਿਟੀ ਸਟੇਜ (Community Stage) 'ਤੇ ਪਰਿਵਾਰਕ ਅਦਾਕਾਰੀਆਂ ਅਤੇ ਬੱਚਿਆਂ ਦਾ ਮਨੋਰੰਜਨ ਕਰਨ ਵਾਲੀਆਂ ਗਤੀਵਿਧੀਆਂ ਸਮੇਤ, ਤਿਉਹਾਰਾਂ ਵਿੱਚ ਸ਼ਾਮਲ ਹੋਣ ਵਾਲੇ ਹਰ ਉਮਰ ਦੇ ਲੋਕਾਂ ਲਈ ਮੁਫ਼ਤ, ਮਜ਼ੇਦਾਰ ਗਤੀਵਿਧੀਆਂ ਵੀ ਸ਼ਾਮਲ ਹੋਣਗੀਆਂ। ਵਿਕਰੇਤਾ ਸਟਾਲ ਕੈਨੇਡਾ ਡੇ ਦੀਆਂ ਨਿਸ਼ਾਨੀਆਂ, ਸ਼ਿਲਪਕਾਰਾਂ ਵੱਲੋਂ ਬਣਾਈਆਂ ਵਸਤਾਂ, ਇੱਕ ਭਾਈਚਾਰਕ ਕਲਾ ਪ੍ਰੋਜੈਕਟ ਅਤੇ ਸੁਆਦੀ ਭੋਜਨ ਪਦਾਰਥ ਪੇਸ਼ ਕਰਨਗੇ। ਬਿਲਕੁੱਲ ਮਾਮੂਲੀ ਫੀਸ 'ਤੇ ਇੱਕ ਇਨਫਲੇਟੇਬਲ ਕਿਡਜ਼ ਜ਼ੋਨ (ਹਵਾ ਵਿੱਚ ਫੁਲਾਈਆਂ ਚੀਜ਼ਾਂ ਵਾਲਾ ਬੱਚਿਆਂ ਦਾ ਖੇਤਰ) ਵੀ ਹੋਵੇਗਾ!

ਸਪਲੈਸ਼ ਪੈਡ ਅਤੇ ਪੈਟਿੰਗ ਜ਼ੂ (ਜਿੱਥੇ ਲੋਕ ਜਾਨਵਰਾਂ ਦੇ ਕੋਲ ਜਾ ਸਕਦੇ ਹਨ) ਵਿਖੇ ਜਾਓ, ਮਿਨੀ-ਗੋਲਫ ਦਾ ਚੱਕਰ ਲਗਾਓ ਜਾਂ ਪੂਰਾ ਦਿਨ ਅਰਾਮਦਾਇਕ ਪੈਡਲ ਬੋਟ ਰਾਈਡ ਦਾ ਅਨੰਦ ਮਾਣੋ।

ਮੇਅਰ ਜੈਫਰੀ (Jeffrey) ਅਤੇ ਕਾਉਂਸਿਲ ਦੇ ਮੈਂਬਰਾਂ ਨਾਲ ਦੁਪਹਿਰ ਬਾਅਦ 2:30 ਵਜੇ ਕਮਿਉਨਿਟੀ ਸਟੇਜ 'ਤੇ ਅਧਿਕਾਰਤ ਉਦਘਾਟਨ ਸਮਾਰੋਹ (Official Opening Ceremony) ਵਿੱਚ ਸ਼ਾਮਲ ਹੋਵੋ, ਇਸਤੋਂ ਬਾਅਦ ਜਸ਼ਨ ਦੇ ਕੱਪਕੇਕ ਦਿੱਤੇ ਜਾਣਗੇ।

ਪਾਰਟੀ ਦੀ ਸਮਾਪਤੀ ਰਾਤ ਨੂੰ 10 ਵਜੇ ਕੈਨੇਡਾ ਦੀ 151ਵੀਂ ਵਰ੍ਹੇਗੰਢ ਨੂੰ ਯਾਦਗਾਰ ਬਣਾਉਂਦੇ ਹੋਏ ਪਟਾਕਿਆਂ ਦੇ ਸ਼ਾਨਦਾਰ ਸ਼ੋ ਨਾਲ ਹੋਵੇਗੀ।

ਚਿੰਗਕੂਜ਼ੀ ਪਾਰਕ (Chinguacousy Park) 9050 ਬ੍ਰੈਮਲੀ ਰੋਡ (9050 Bramalea Road) ਵਿਖੇ ਸਥਿਤ ਹੈ। ਇਸ ਸਥਾਨ ਵਿਖੇ ਪਾਰਕਿੰਗ ਬਹੁਤ ਹੀ ਸੀਮਿਤ ਹੈ। ਨਿਵਾਸੀਆਂ ਨੂੰ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਵੱਲੋਂ ਪੇਸ਼ ਕੀਤੀ ਜਾਣ ਵਾਲੀ ਮੁਫ਼ਤ ਸ਼ਟਲ ਸੇਵਾ ਦਾ ਫ਼ਾਇਦਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸ਼ਟਲ (Shuttle) ਸਥਾਨਾਂ ਵਿੱਚ ਸ਼ਾਮਲ ਹੋਣਗੇ:

- ਮਾਊਂਟ ਪਲੈਜ਼ੈਂਟ ਗੋ ਸਟੇਸ਼ਨ (Mount Pleasant GO Station)
- ਟ੍ਰਿਨਿਟੀ ਕਾਮਨ ਟਰਮੀਨਲ (Trinity Common Terminal)
- ਗੋਰ ਮੇਡੋਜ਼ ਕਮਿਉਨਿਟੀ ਸੈਂਟਰ (Gore Meadows Community Centre)
- ਸ਼ੈਰੀਡਨ ਕਾਲੇਜ (Sheridan College)

ਕਿਰਪਾ ਕਰਕੇ ਧਿਆਨ ਦਿਓ:

- ਖੇਤਰ ਰੋਡ ਨੂੰ ਬੰਦ ਕਰਨਾ ਪੂਰਾ ਦਿਨ ਲਾਗੂ ਰਹੇਗਾ
- ਪ੍ਰੋਗਰਾਮ ਅਤੇ ਕਲਾਕਾਰ ਬਿਨਾਂ ਨੋਟਿਸ ਦੇ ਬਦਲ ਸਕਦੇ ਹਨ
- ਪਟਾਕਿਆਂ ਦਾ ਪ੍ਰਦਰਸ਼ਨ (ਡਿਸਪਲੇ) ਮੌਸਮ 'ਤੇ ਨਿਰਭਰ ਹੋਵੇਗਾ

ਕਾਰਜਕਰਮ ਦੀ ਵਿਸਤ੍ਰਿਤ ਸੂਚੀ ਸਮੇਤ, ਹੋਰ ਜਾਣਕਾਰੀ ਲਈ, www.brampton.ca/events 'ਤੇ ਜਾਓ ਜਾਂ 311 'ਤੇ ਕਾਲ ਕਰੋ।

**ਹਵਾਲਾ:**

"ਮੈਨੂੰ ਇਹ ਦੇਖ ਕੇ ਮਾਣ ਮਹਿਸੂਸ ਹੁੰਦਾ ਹੈ ਕਿ ਬ੍ਰੈਂਪਟਨ ਦੇ ਕੈਨੇਡਾ ਡੇ ਜਸ਼ਨ ਜੀ.ਟੀ.ਏ. (GTA) ਦੇ ਲੋਕਾਂ ਨੂੰ ਆਕਰਸ਼ਿਤ ਕਰਦੇ ਹੋਏ, ਹਰ ਸਾਲ ਵਿਕਸਿਤ ਹੋ ਰਹੇ ਹਨ। ਸਥਾਨਕ ਅਤੇ ਅੰਤਰਰਾਸ਼ਟਰੀ ਮਨੋਰੰਜਨ, ਮਜ਼ੇਦਾਰ ਗਤੀਵਿਧੀਆਂ ਅਤੇ ਪਟਾਕਿਆਂ ਦੇ ਸ਼ਾਨਦਾਰ ਸ਼ੋ ਦੇ ਵਧੀਆ ਪ੍ਰਬੰਧ ਦੇ ਨਾਲ, ਇਸ ਸਾਲ ਦੇ ਕਾਰਜਕਰਮ ਵਿੱਚ ਯਕੀਨੀ ਤੌਰ 'ਤੇ ਹਰ ਉਮਰ ਦੇ ਲੋਕਾਂ ਨੂੰ ਅਨੰਦ ਆਏਗਾ। ਸਾਡੇ ਰਾਸ਼ਟਰ ਦੇ ਜੋਸ਼ੀਲੇ ਸੱਭਿਆਚਾਰ ਅਤੇ ਵੰਨ-ਸੁਵੰਨਤਾ ਦਾ ਜਸ਼ਨ ਮਨਾਉਣ ਵਿੱਚ ਸਾਡੇ ਨਾਲ ਸ਼ਾਮਲ ਹੋਵੋ ਅਤੇ ਕੈਨੇਡਾ ਦੀ 151ਵੀਂ ਵਰ੍ਹੇਗੰਢ ਨੂੰ ਯਾਦਗਾਰ ਬਣਾਓ।"

- *ਮੇਅਰ ਲਿੰਡਾ ਜੈਫਰੀ (Linda Jeffrey)*

**ਕਲਾਕਾਰਾਂ ਬਾਰੇ:**

**ਟਾਇਲਰ ਸ਼ੋ**

ਟਾਇਲਰ ਸ਼ੋ ਇੱਕ ਪਲੈਟੀਨਮ-ਸੈਲਿੰਗ ਕਲਾਕਾਰ, ਨਿਰਮਾਤਾ ਅਤੇ ਅਦਾਕਾਰ ਹੈ। ਚਾਈਨੀਜ਼-ਕੈਨੇਡਿਅਨ (Chinese-Canadian) ਨੇ 2012 ਵਿੱਚ ਉਹਨਾਂ ਦੇ ਹਿੱਟ ਗੀਤ "ਕਿਸ ਗੁੱਡਨਾਈਟ" ਨੂੰ ਰਿਲੀਜ ਕੀਤਾ ਅਤੇ ਜਲਦੀ ਹੀ ਇਸ ਸੁਰੀਲੇ ਟ੍ਰੈਕ ਦੀ ਲੱਖਾਂ ਵਿੱਚ ਵਿਕਰੀ ਹੋਈ। 2014 ਵਿੱਚ ਟਾਇਲਰ ਨੇ 'ਬ੍ਰੇਕਥ੍ਰੂ ਆਰਟਿਸਟ ਆਫ ਦ ਯੀਅਰ' ਲਈ ਜੂਨੋ (JUNO) ਅਵਾਰਡ ਲਈ ਨਾਮਾਂਕਨ ਹਾਸਲ ਕੀਤਾ। ਫਿਰ ਉਹਨਾਂ ਦੇ ਸਰਟੀਫਾਈਡ ਗੋਲਡ ਟ੍ਰੈਕਸ "ਹਾਊਸ ਆਫ ਕਾਰਡਸ" ਅਤੇ "ਵਿਕਡ" ਨੂੰ ਰਿਲੀਜ ਕੀਤਾ ਗਿਆ, ਇਹ ਸਾਰੇ ਉਹਨਾਂ ਦੀ 2015 ਦੀ ਪਹਿਲੀ ਐਲਬਮ ਯੈਸਟਰਡੇ (Yesterday) ਵਿੱਚੋਂ ਹਨ।

ਟਾਇਲਰ ਨੇ ਸ਼ਾਨਦਾਰ ਕਲਾਕਾਰਾਂ, ਜਿਵੇਂ ਕਿ ਸ਼ੌਨ ਮੇਨਡੇਜ਼ (Shawn Mendes) ਅਤੇ ਅਲੇਸੀਆ ਕਾਰਾ (Alessia Cara) ਦੇ ਨਾਲ ਪ੍ਰਦਰਸ਼ਨ ਕੀਤਾ, ਨਾਲ ਹੀ ਸੇਲੇਨਾ ਗੋਮੇਜ਼ (Selena Gomez) ਦੇ ਨਾਲ ਟੂਰ ਵੀ ਕੀਤਾ। ਬਹੁਮੁਖੀ ਪ੍ਰਤਿਭਾ ਵਾਲੇ ਇਸ ਕਲਾਕਾਰ ਨੇ ਹੁਣੇ ਜਿਹੇ ਹੀ ਫੀਚਰ ਫਿਲਮ ਦ ਮੀਨਿੰਗ ਆਫ ਲਾਈਫ (The Meaning of Life), ਜੋ ਗਰਮੀ 2017 ਵਿੱਚ ਰਿਲੀਜ ਹੋਈ ਸੀ, ਵਿੱਚ ਮੁੱਖ ਭੂਮਿਕਾ ਦੇ ਤੌਰ 'ਤੇ ਆਪਣੀ ਅਦਾਕਾਰੀ ਸਬੰਧੀ ਕੁਸ਼ਲਤਾਵਾਂ ਦਾ ਵੀ ਇਸਤੇਮਾਲ ਕੀਤਾ। ਟਾਇਲਰ ਦੀ ਦੂਜੇ ਸਾਲ ਦੀ ਆਉਣ ਵਾਲੀ ਐਲਬਮ ਦਾ ਪਹਿਲਾ ਸਿੰਗਲ, "ਕੌਸ਼ਿਅਸ" ਹੁਣ ਉਪਲਬਧ ਹੈ।

**ਟੌਮ ਕੋਕਰੇਨ**

ਪ੍ਰਸਿੱਧ ਸੰਗੀਤਕਾਰ ਟੌਮ ਕੋਕਰੇਨ ਨੇ 70 ਦੇ ਸ਼ੁਰੂ ਵਿੱਚ ਟੋਰੋਂਟੋ ਦੇ ਪ੍ਰਸਿੱਧ ਯੌਰਕਵਿਲੇ ਸੀਨ ਦੇ ਕੌਫੀਹਾਊਸ ਪਲੇ ਕਰਨ ਵਾਲੇ ਇੱਕ ਲੋਕ ਗਾਇਕ/ਗੀਤਕਾਰ ਦੇ ਤੌਰ 'ਤੇ ਸ਼ੁਰੂਆਤ ਕੀਤੀ ਅਤੇ ਇਸਤੋਂ ਬਾਅਦ, ਟੌਮ 1991 ਦੀ ਐਲਬਮ ਮੈਡ ਮੈਡ ਵਰਲਡ (Mad Mad World) ਅਤੇ ਇਸਦੇ ਭਜਨ ਵਰਗੇ ਹਿੱਟ ਗੀਤ ਲਾਈਫ ਇਜ਼ ਅ ਹਾਈਵੇ (Life Is A Highway), ਜੋ ਇਸ ਸਾਲ ਆਪਣੀ 25ਵੀਂ ਵਰ੍ਹੇਗੰਢ ਦਾ ਜਸ਼ਨ ਮਨਾ ਰਹੀ ਹੈ, ਦੇ ਨਾਲ ਸ਼ਾਨਦਾਰ ਅੰਤਰਰਾਸ਼ਟਰੀ ਸਫਲਤਾ (ਦੁਨੀਆਭਰ ਵਿੱਚ 3 ਮਿਲੀਅਨ ਤੋਂ ਵੱਧ ਯੂਨਿਟਾਂ ਅਤੇ ਆਪਣੇ ਦੇਸ਼ ਵਿੱਚ ਵਿਰਲੀ ਡਾਇਮੰਡ-ਸੇਲਸ ਸਥਿਤੀ) ਹਾਸਲ ਕਰਨ ਤੋਂ ਪਹਿਲਾਂ ਉਤਸ਼ਾਹਜਨਕ ਰੌਕਰਸ ਰੇਡ ਰਾਈਡਰ (Red Rider) ਦੇ ਨਾਲ ਪ੍ਰਸਿੱਧ ਹੋ ਗਿਆ ਸੀ! ਉਸਦੀਆਂ ਹੋਰਾਂ ਰਿਕਾਰਡਿੰਗਾਂ ਦੇ ਸੁਮੇਲ ਦੇ ਨਾਲ, ਉਸਨੇ ਦੁਨੀਆਭਰ ਵਿੱਚ 6 ਮਿਲੀਅਨ ਤੋਂ ਵੱਧ ਵੇਚੀਆਂ ਹਨ। ਇਸ ਲੰਮੇ ਅਤੇ ਪ੍ਰਸਿੱਧ ਕੈਰੀਅਰ ਦੇ ਦੌਰਾਨ, ਜਿਸਨੂੰ ਹੁਣ 40 ਸਾਲਾਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਲਿਨ ਲੇਕ (Lynn Lake) ਦੇ ਮਾਣ, ਮਨਿਤੋਬਾ (Manitoba) ਨੇ ਫ੍ਰੈਂਕਲਿਨ ਮੁਹਿੰਮ ਤੋਂ ਵੱਧ ਖੇਤਰ ਨੂੰ ਸ਼ਾਮਲ ਕੀਤਾ ਹੈ।

ਟੌਮ ਨੇ ਇੱਕ ਤੋਂ ਦੂਜੇ ਸਮੁੰਦਰੀ ਤਟਾਂ 'ਤੇ ਭੀੜ ਨੂੰ ਆਕਰਸ਼ਿਤ ਕਰਨ ਵਾਲੇ ਜੋਸ਼ੀਲੇ ਪ੍ਰਦਰਸ਼ਨ ਕਰਨ ਅਤੇ ਮਾਨਵਤਾ ਦੇ ਹਿੱਤਾਂ ਲਈ ਅਤੇ ਸੰਗਠਨਾਂ ਦੇ ਵੱਲੋਂ ਆਪਣਾ ਦ੍ਰਿੜ੍ਹ ਕਾਰਜ ਕਰਨ ਦੇ ਦੁਆਰਾ ਕੈਨੇਡਾਵਾਸੀਆਂ ਦੇ ਦਿਲਾਂ ਵਿੱਚ ਆਪਣੀ ਜਗ੍ਹਾ ਮਜ਼ਬੂਤ ਕਰਦੇ ਹੋਏ ਲਗਾਤਾਰ ਪ੍ਰਭਾਵਸ਼ਾਲੀ ਨਵੀਂ ਸਮੱਗਰੀ (ਮੈਡ ਮੈਡ ਵਰਲਡ ਤੋਂ ਬਾਅਦ 5 ਹੋਰ ਰਿਕਾਰਡਿੰਗਾਂ ਅਤੇ ਕਈ ਵੱਖਰੀਆਂ ਸਿੰਗਲ ਰਿਲੀਜਾਂ) ਦੀ ਰਚਨਾ ਕੀਤੀ ਹੈ। ਅਫ਼ਸਰ ਆਫ ਦ ਆਰਡਰ ਆਫ ਕੈਨੇਡਾ (Officer of the Order of Canada) ਪ੍ਰਾਪਤਕਰਤਾ ਅਤੇ ਕੈਨੇਡਿਅਨ ਮਿਊਜ਼ਿਕ ਹਾਲ ਆਫ ਫੇਮ (Canadian Music Hall of Fame) ਵਿੱਚ ਸ਼ਾਮਲ ਹੋਣ ਵਾਲੀ ਸ਼ਖਸ਼ੀਅਤ, ਕੋਕਰੇਨ ਨੇ ਅੱਠ ਜੂਨੋ (JUNO) ਅਵਾਰਡ ਜਿੱਤੇ ਅਤੇ ਕਈ ਹੋਰ ਇੰਡਸਟਰੀ ਦੇ ਸਨਮਾਨ ਹਾਸਲ ਕੀਤੇ, ਜਿਹਨਾਂ ਵਿੱਚ ਸ਼ਾਮਲ ਹਨ 2013 ਅਲਨ ਵਾਟਰਸ ਹਿਉਮੈਨਿਟੇਰੀਅਨ ਅਵਾਰਡ (2013 Allan Waters Humanitarian Award) ਅਤੇ ਗ੍ਰੈਮੀ (Grammy) ਨਾਮਾਂਕਨ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਰਵਜੋਤ ਛਤਵਾਲ
ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ, ਸਟ੍ਰੈਟਜਿਕ ਕਮਿਉਨਿਕੇਸ਼ਨਸ
905.874.3426